# ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ

ਅਕਤੂਬਰ ਮਹੀਨੇ ਵਿੱਚ ਮੌਸਮ ਦੀ ਤਬਦੀਲੀ ਦੇ ਨਾਲ-ਨਾਲ ਬੱਚਿਆਂ ਵਿੱਚ ਵੀ ਵੱਖਰਾ ਉਤਸ਼ਾਹ ਪਾਇਆ ਜਾਂਦਾ ਹੈ। ਇਸ ਮਹੀਨੇ KG ਦੇ ਬੱਚਿਆਂ ਨੇ ਗੁਰਮੁਖੀ ਅੱਖਰ ਅਤੇ ਪੰਜਾਬੀ ਗਿਣਤੀ ਲਿਖਣੀ ਸ਼ੁਰੂ ਕੀਤੀ ਅਤੇ ਗੁਰਮਤਿ ਕਲਾਸਾਂ ਵਿੱਚ ੧੦ ਗੁਰੂ ਸਾਹਿਬਾਨ ਜੀ ਦੇ ਨਾਮ ਕੰਠ ਕਰਨ ਦੀ ਲੜੀ ਆਰੰਭ ਹੋਈ।ਬਾਕੀ ਕਲਾਸਾਂ ਦੇ ਬੱਚੇ ਮਾਤਰਾ ਦਾ ਅਭਿਆਸ ਕਰ ਰਹੇ ਹਨ, ਪਾਠ-ਪੁਸਤਕਾਂ ਪੜ੍ਹਨ ਦਾ ਕਾਰਜ ਆਰੰਭ ਕੀਤਾ ਗਿਆ ਅਤੇ spelling ਅਤੇ ਗੁਰਮਤਿ ਟੈਸਟਾਂ ਦੀ ਸ਼ੁਰੂਆਤ ਕੀਤੀ ਗਈ ਹੈ। ੧੯ ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਦੁਨੀਆਂ ਭਰ ਵਿੱਚ ਮਨਾਇਆ ਗਿਆ। ਜਿਸ ਬਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਗੁਰਮਤਿ ਵਿਸ਼ੇ ਦੇ ਮਾਧਿਅਮ ਰਾਹੀਂ ਸੁਨਹਿਰੀ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ ਅਤੇ ਗੁਰੂ ਜੀ ਦੇ ਮਹਾਨ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਅਕਤੂਬਰ ਮਹੀਨੇ ਦੇ ਮਹੱਤਵਪੂਰਨ ਦਿਹਾੜੇ:

੧) ਅਕਤੂਬਰ ੧੯, ੨੦੨੪ ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ

੨) ਅਕਤੂਬਰ ੨੫, ੨੦੨੪: ਜੋਤੀ-ਜੋਤ ਸ੍ਰੀ ਗੁਰੂ ਹਰਿ ਰਾਇ ਜੀ, ਗੁਰਗੱਦੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ

## ਨਵੰਬਰ ਮਹੀਨੇ ਵਿੱਚ ਆਉਣ ਵਾਲੇ ਮੁੱਖ ਤਿਉਹਾਰ ਅਤੇ ਖ਼ਾਸ ਬੇਨਤੀਆਂ

੧. ੧ ਨਵੰਬਰ ਨੂੰ ਬੰਦੀ-ਛੋੜ ਦਿਵਸ ਮਨਾਇਆ ਜਾ ਰਿਹਾ ਹੈ ।ਹਰ ਵਰ੍ਹੇ ਦੀ ਤਰਾਂ ਬੱਚੇ ਵਿਸ਼ੇਸ਼ ਤਿਆਰੀ ਨਾਲ ਇਹ ਤਿਉਹਾਰ ਮਨਾਉਣਗੇ, ਕਲਾਸਾਂ ਵਿੱਚ ਦੀਵੇ ਰੰਗ ਕਰਵਾਏ ਗਏ ਅਤੇ ਵਿਸ਼ੇਸ਼ ਅਸੈਂਬਲੀ ਦਾ ਪ੍ਰਬੰਧ ਕੀਤਾ ਗਿਆ ਹੈ।

੨. ੩ ਨਵੰਬਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ

੩. ੬ ਨਵੰਬਰ: ਜੋਤੀ-ਜੋਤ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ

੪. ੧੫ ਨਵੰਬਰ: ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਪੁਰਬ

੫. ੨੨ ਨਵੰਬਰ, ਦਿਨ ਸ਼ੁਕਰਵਾਰ ਵਾਲੇ ਦਿਨ ਖ਼ਾਲਸਾ ਸਕੂਲ ਕੈਲਗਰੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਲਾਨਾ ਪ੍ਰਕਾਸ਼-ਪੁਰਬ ਬਹੁਤ ਧੂਮ-ਧਾਮ ਨਾਲ ਮਨਾਇਆ ਜਾਵੇਗਾ।ਸਾਲਾਨਾ ਗੁਰਪੁਰਬ ਦੇ ਬਾਰੇ ਅਗਲੀ ਜਾਣਕਾਰੀ ਪ੍ਰਿੰਸੀਪਲ ਸਾਹਿਬ ਵੱਲੋਂ ਸਾਂਝੀ ਕੀਤੀ ਜਾਵੇਗੀ।੨੨ ਨਵੰਬਰ ਗੁਰੂ ਕੇ ਲੰਗਰਾਂ ਦੀ ਸੇਵਾ (ਸਵੇਰੇ ੧੧-੩ ਵਜੇ) ਲਈ ਸਭ ਨੂੰ ਬੇਨਤੀ ਕੀਤੀ ਜਾਂਦੀ ਹੈ।

੬. ੩੦ ਨਵੰਬਰ: ਜਨਮ ਦਿਹਾੜਾ ਬਾਬਾ ਜ਼ੋਰਾਵਰ ਸਿੰਘ ਜੀ